www.ajdiawaaz.com

info@ajdiawaaz.com
awaaznewsdesk@gmail.com

ਅੱਜ ਦੀ ਆਵਾਜ਼

ਕੀਮਤ 2 ਰੁਪਏ

ਟੈਲੀਫੋਨ ਨੰ. 0181- 4626370, 2235707

ਫੈਕਸ ਨੰ. : 0181-2225427, 2235427

• ਜਲੰਧਰ 18 ਜੂਨ, 2010 ਸ਼ੁੱਕਰਵਾਰ • 4 ਹਾੜ ਨਾਨਕਸ਼ਾਹੀ ਸੰਮਤ 542 • ਸਾਲ 26 • ਅੰਕ ਨੰ. 65 • Postel Regd. No. PB/0007/09-2011

ਸ਼ਹਿਰ ਤੇ ਆਸ ਪਾਸ
ਯੂਕੋ ਬੈਂਕ ਨੇ 67ਵਾਂ ਸਥਾਪਨਾ ਦਿਵਸ ਮਨਾਇਆ 3

ਸੰਪਾਦਕੀ
ਚੋਣ ਕਮਿਸ਼ਨ ਦਾ ਸਹੀ ਫੈਸਲਾ 4


ਦੇਸ਼ ਦੁਨੀਆਂ
ਬਾਦਲ ਸਰਕਾਰ ਹਰ ਫਰੰਟ 'ਤੇ ਫੇਲ੍ਹ 8

ਨਵੀਂ ਬਿਜਲੀ ਨੀਤੀ ਨੂੰ ਪ੍ਰਵਾਨਗੀ

☛ਛੀਨਾ ਝਪਟੀ ਅਪਰਾਧ ਬਣਾਇਆ ਗੈਰ-ਜ਼ਮਾਨਤਯੋਗ ☛ਰਿਅਲ ਅਸਟੇਟ ਨੂੰ ਰਾਹਤ

ਚੰਡੀਗੜ੍ਹ, 17 ਜੂਨ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਮੰਡਲ ਨੇ ਅੱਜ ਇੱਥੇ ਆਪਣੀ ਮੀਟਿੰਗ ਵਿੱਚ ਪਾਵਰ ਜਨਰੇਸ਼ਨ ਪਾਲਸੀ 2010 ਨੂੰ ਮਨਜ਼ੂਰੀ ਦੇ ਦਿੱਤੀ ਹੈ। ਜਿਸ ਨਾਲ ਪੰਜਾਬ ਵਾਸੀਆਂ ਨੂੰ ਬਿਜਲੀ ਸੰਕਟ ਤੋਂ ਮੁਕਤੀ ਮਿਲ ਜਾਵੇਗੀ। ਸਰਕਾਰ ਦਾ ਦਾਅਵਾ ਹੈ ਕਿ ਪੰਜਾਬ ਵਾਧੂ ਬਿਜਲੀ ਵਾਲਾ ਸੂਬਾ ਬਣ ਜਾਵੇਗਾ। ਇਸ ਤੋਂ ਇਲਾਵਾ ਝਪਟ ਖੋਹੀ ਅਤੇ ਵਾਰਦਾਤਾਂ ਨੂੰ ਰੋਕਣ ਲਈ ਕੈਬਨਿਟ ਨੇ ਧਾਰਾ 379 ਵਿੱਚ ਸੋਧ ਕਰਕੇ ਇਸ ਨੂੰ 379ਏ., 379ਬੀ. ਵੀ ਬਣਾ ਦਿੱਤੀ ਗਈ ਹੈ ਜਿਸ ਨਾਲ ਲੁਟੇਰਿਆ ਨੂੰ ਕਾਨੂੰਨੀ ਤੌਰ 'ਤੇ ਸਖ਼ਤੀ ਨਾਲ ਦਬਾਚਿਆ ਜਾ ਸਕਗਾ। ਹੁਣ ਇਹ ਜ਼ੁਲਮ ਗੈਰ ਜ਼ਮਾਨਤੀ ਯੋਗ ਅਤੇ ਘੱਟੋ ਘੱਟ ਜ਼ਿਲ੍ਹਾ ਸੈਸ਼ਨ ਜੱਜ ਦੀ ਅਦਾਲਤ ਵਿੱਚ ਸੁਣਵਾਈ ਦੇ ਯੋਗ ਹੋਣਗੇ ਅਤੇ ਦੋਸ਼ੀ ਨੂੰ 10 ਹਜ਼ਾਰ ਰੁਪਏ ਜੁਰਮਾਨਾ ਅਤੇ ਘੱਟੋ ਘੱਟ 5 ਸਾਲ ਦੀ ਕੈਦ ਜਾਂ ਦੋਵੇਂ ਸਜ਼ਾਵਾਂ ਦਿੱਤੀਆਂ ਜਾ ☛(ਬਾਕੀ ਸਫਾ 2 'ਤੇ)

ਕਾਂਗਰਸ ਜਦੋਂ ਚਾਹੇ ਅਕਾਲੀ ਦਲ ਦੀ ਮਾਨਤਾ ਨੂੰ ਚੈਲੰਜ ਕਰ ਲਵੇ-ਡਾ.ਚੀਮਾ

ਚੰਡੀਗੜ੍ਹ 17 ਜੂਨ (ਹਰੀਸ਼ ਚੰਦਰ ਬਾਗਾਂਵਾਲਾ)- ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਪਾਰਟੀ ਨੂੰ ਚੈਲੰਜ ਕੀਤਾ ਕਿ ਅਗਰ ਉਹ ਸ਼੍ਰੋਮਣੀ ਅਕਾਲੀ ਦਲ ਦੀ ਮਾਨਤਾ ਰੱਦ ਕਰਾਉਣ ਲਈ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਕੋਲ ਸ਼ਿਕਾਇਤ ਕਰਨਾ ਚਾਹੁੰਦੀ ਹੈ ਤਾਂ ਬਿਨਾ ਦੇਰੀ ਤੋਂ ਖੁੱਲ੍ਹ ਕੇ ਕਰੇ। ਸ਼੍ਰੋਮਣੀ ਅਕਾਲੀ ਦਲ ਨੂੰ ਇਹੋ ਜਿਹੀਆਂ ਫੋਕੀਆਂ ਧਮਕੀਆਂ ਤੋਂ ਕੋਈ ਖਤਰਾ ਨਹੀਂ। ਇਹ ਵਿਚਾਰ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਅੱਜ ਕਾਂਗਰਸ ਪਾਰਟੀ ਦੀ ਆਗੂ ਬੀਬੀ ਰਜਿੰਦਰ ਕੌਰ ਭੱਠਲ ਵਲੋਂ ਅਖ਼ਬਾਰਾਂ ਵਿੱਚ ਦਿੱਤੇ ਬਿਆਨ 'ਤੇ ਪ੍ਰਤੀਕਰਮ ਵਜੋਂ ਪ੍ਰੈਸ ਨੂੰ ਜਾਰੀ ਇੱਕ ਬਿਆਨ ਵਿੱਚ ਪ੍ਰਗਟ ਕੀਤੇ। ਡਾ. ਚੀਮਾ ਨੇ ਕਿਹਾ ਕਿ ਅਜਿਹੀ ਕਾਰਵਾਈ ਕੋਈ ਨਵੀਂ ਗੱਲ ਨਹੀਂ। ਇਸ ਤੋਂ ਪਹਿਲਾਂ ਵੀ ਕਾਂਗਰਸ ਪਾਰਟੀ ਦੀ ਸ਼ਹਿ 'ਤੇ ਮਿਤੀ 03.08.2007 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਖਿਲਾਫ਼ ਇੱਕ ਚੋਣ ਪਟੀਸ਼ਨ ਕੀਤੀ ਗਈ ਸੀ ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਲੜਨ ਕਰਕੇ ਦਲ ਦੀ ਮਾਨਤਾ ਰੱਦ ਕਰਨ ਦੀ ਅਪੀਲ ਕੀਤੀ ਗਈ ਸੀ। ਪਰ ਕਮਿਸ਼ਨ ਵਲੋਂ ਸਾਰੀ ਘੋਖ ਪੜਤਾਲ ਕਰਨ ਤੋਂ ਬਾਅਦ 10 ਜਨਵਰੀ, 2008 ਨੂੰ ਦਿੱਤੇ ਆਪਣੇ ਫੈਸਲੇ ਵਿੱਚ ਉਪਰੋਕਤ ਪਟੀਸ਼ਨ ਰੱਦ ਕਰ ਦਿੱਤੀ ਗਈ ਸੀ। ਇਸ ਲਈ ਅਗਰ ਕਾਂਗਰਸ ਪਾਰਟੀ ਦਾ ਹਾਲੇ ਵੀ ਚਾਅ ਪੂਰਾ ਨਹੀਂ ਹੋਇਆ ਤਾਂ ਇਹ ਦੁਬਾਰਾ ਚੈਲੰਜ ਕਰ ਲਵੇ। ਡਾ. ਚੀਮਾ ਨੇ ਇਸ ਸਬੰਧ ਵਿੱਚ ਕਮਿਸ਼ਨ ਵਲੋਂ ਦਿੱਤੇ ਜਾ ਚੁੱਕੇ ਫੈਸਲੇ ਦੀ ਕਾਪੀ ਵੀ ☛(ਬਾਕੀ ਸਫਾ 2 'ਤੇ)

ਭੂਪਾਲ ਗੈਸ ਪੀੜਤਾਂ ਨੂੰ ਢੁੱਕਵੇਂ ਮੁਆਵਜ਼ੇ, ਇਨਸਾਫ਼ ਲਈ

ਮੰਤਰੀ ਗਰੁੱਪ ਦੀ ਵਿਸ਼ੇਸ਼ ਮੀਟਿੰਗ ਅੱਜ

ਨਵੀਂ ਦਿੱਲੀ, 17 ਜੂਨ (ਇਟ)-ਲਗਾਤਾਰ ਵਿਵਾਦਾਂ ਵਿੱਚ ਘਿਰੇ ਰਹਿਣ ਬਾਅਦ ਕੇਂਦਰ ਸਰਕਾਰ ਵੱਲੋਂ ਗਠਿਤ ਗਰੁੱਪ ਆਫ ਮਨਿਸ਼ਟਰਜ਼ ਸ਼ੁੱਕਰਵਾਰ ਨੂੰ ਨਵੀਂ ਦਿੱਲੀ ਵਿਖੇ ਆਪਣੀ ਹੰਗਾਮੀ ਮੀਟਿੰਗ ਵਿੱਚ ਭੋਪਾਲ ਗੈਸ ਕਾਂਡ ਦੇ ਮੁੱਦੇ 'ਤੇ, ਪੀੜਤਾਂ ਨੂੰ ਮਿਲੇ ਘੱਟ ਮੁਆਵਜ਼ੇ ਬਾਰੇ ਮੀਟਿੰਗ ਵਿੱਚ ਅਹਿਮ ਵਿਚਾਰ-ਵਟਾਂਦਰਾ ਕਰੇਗਾ। ਲਗਾਤਾਰ ਅਲੋਚਨਾ ਦੇ ਦਬਾਅ ਬਾਅਦ ਕੇਂਦਰ ਸਰਕਾਰ ਨੇ ਹੁਣ ਮਹਿਸੂਸ ਹੋਇਆ ਹੈ ਕਿ ਭੋਪਾਲ ਗੈਸ ਕਾਂਡ ਦੇ ਪੀੜਤਾਂ ਨੂੰ ਇਨਸਾਨ ਅਤੇ ਮੁਆਵਜ਼ਾ ਪੂਰਾ ਨਹੀਂ ਮਿਲਿਆ। ਸੂਚਨਾ ਅਤੇ ਪ੍ਰਸਾਰਨ ਮੰਤਰੀ ਅੰਬਿਕਾ ਸੋਨੀ ਨੇ ਵੀਰਵਾਰ ਨੂੰ ਦੱਸਿਆ ਕਿ 15 ਹਜ਼ਾਰ ਜਾਨਾਂ ਲੈਣ ਵਾਲੇ ਇਸ ਕਾਂਡ ਬਾਰੇ ਮੰਤਰੀਆਂ ਦਾ ਗਰੁੱਪ ਹਰ ਪੱਖ ਤੋਂ ਵਿਚਾਰ ਕਰੇਗਾ। ਗ੍ਰਹਿ ਮੰਤਰੀ ਪੀ ਚਿੰਦਬਰਮ ਦੀ ਅਗਵਾਈ ਵਿੱਚ ਹੋਣ ਵਾਲੀ ਇਸ ਮੀਟਿੰਗ ਵਿੱਚ ਕੇਂਦਰ ਸਰਕਾਰ ਨੇ ਦੋ ਘੰਟੇ ਦਾ ਸਮਾਂ ਰਾਖਵਾਂ ਰੱਖ ਦਿੱਤਾ ਹੈ। ਸਰਕਾਰ ਨੂੰ ਆਸ ਹੈ ਕਿ ਇਸ ਮੀਟਿੰਗ ਵਿੱਚ ਪੀੜਤਾਂ ਨੂੰ ਇਨਸਾਫ ਲਈ ਰਾਹ ਪੱਧਰਾ ਹੋ ਜਾਵੇਗਾ। ਅੰਬਿਕਾ ਸੋਨੀ ਨੇ ਕਿਹਾ ਕਿ ਅਸੀਂ ਹਰ ਪੱਖ 'ਤੇ ਪੂਰਾ ਧਿਆਨ ਦੇਵਾਂਗੇ। ਚਿੰਦਬਰਮ ਤੋਂ ਇਲਾਵਾ ਇਸ ਮੀਟਿੰਗ ਵਿੱਚ ਗੁਲਾਮ ਨਬੀ ਅਜ਼ਾਦ, ਵਿਰੱਪਾ ਮੋਇਲੀ, ਜੈ ਪਾਲ ਰੈਡੀ, ਕਮਲ ਨਾਥ, ਕੁਮਾਰੀ ਸ਼ੈਲਜਾ, ਐਮ.ਕੇ. ਅਲਾਗਿਰੀ, ਪ੍ਰਿਥਵੀ ਰਾਜ ਚੌਹਾਨ ਅਤੇ ਜੈ ਰਾਮ ਰਮੇਸ਼ ਵੀ ਭਾਗ ਲੈਣਗੇ। ਜਦਕਿ ਮੱਧ ਪ੍ਰਦੇਸ ਨਾਲ ਸਬੰਧਤ ਮੰਤਰੀ ਇਚਾਰਜ ਮੁੜ ਵਸੇਬਾ ਇਸ ਦੇ ਪੱਕੇ ਮੈਂਬਰ ਵਜੋਂ ਸ਼ਾਮਲ ਹੋਣਗੇ।

ਪੰਜਾਬ ਮੰਤਰੀ ਮੰਡਲ ਵਿੱਚ ਰੱਦੋ ਬਦਲ ਸੰਭਵ

ਚੰਡੀਗੜ੍ਹ, 17 ਜੂਨ (ਹਰੀਸ਼ ਚੰਦਰ ਬਾਗਾਂਵਾਲਾ)-ਕੀ ਪੰਜਾਬ ਮੰਤਰੀ ਮੰਡਲ ਵਿੱਚ ਵੱਡੇ ਫੇਰ ਬਦਲ ਦੀ ਸੰਭਾਵਨਾ ਹੈ। ਇਹ ਸੁਆਲ ਅੱਜ ਕੁੱਝ ਸਿਆਸੀ ਤੇ ਪ੍ਰਸ਼ਾਸਨਿਕ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸੱਤਾਧਾਰੀ ਅਕਾਲੀ ਭਾਜਪਾ ਗੱਠਜੋੜ ਦੇ ਨੇੜਲੇ ਸੂਤਰਾਂ ਦੀ ਗੱਲ ਤੇ ਜੇਕਰ ਯਕੀਨ ਕੀਤਾ ਜਾਵੇਗਾ ਤਾਂ ਅਗਲੇ ਕੁੱਝ ਦਿਨਾਂ ਵਿੱਚ ਫੇਰ ਬਦਲ ਦੀ ਵੱਡੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸੱਤਾ ਵਿੱਚ ਅਕਾਲੀ ਦਲ ਦੀ ਭਾਈਵਾਲ ਭਾਜਪਾ ਦੇ ਉੱਚ ਹਲਕਿਆਂ ਵਿੱਚ ਫੇਰ ਬਦਲ ਚੱਲ ਰਹੀ ਹੈ। ਭਾਜਪਾ ਦੇ ਅੰਦਰਲੇ ਸੂਤਰਾਂ ਅਨੁਸਾਰ ਮੌਜੂਦਾ ਪੰਜ ਮੰਤਰੀਆਂ ਵਿੱਚੋਂ ਤਿੰਨ ਮੰਤਰੀਆਂ ਦੀ ਛੁੱਟੀ ਹੋਣ ਦੀ ਸੰਭਾਵਨਾ ਹੈ। 19 ਵਿਧਾਇਕਾਂ ਵਾਲੀ ਭਾਜਪਾ ਲੋਕਾਂ ਵਿੱਚ ਆਪਣਾ ਅਕਸ ਸੁਧਾਰਨ ਲਈ ਇਹ ਕਦਮ ਉਠਾਉਣ ਜਾ ਰਹੀ ਹੈ। ਵਿਧਾਨ ਸਭਾ ਚੋਣਾਂ ਵਿੱਚ ਡੇਢ ਸਾਲ ਰਹਿਣ ਕਰਕ ਭਾਜਪਾ ਲੋਕਾਂ ਵਿੱਚ ਨਵੇਂ ਚਿਹਰੇ ਬਤੌਰ ਮੰਤਰੀ ਪੇਸ਼ ਕਰਨਾ ਚਾਹੁੰਦੀ ਹੈ ਤਾਂ ਜੋ ਦੂਰ ਹੋਏ ਵਰਕਰਾਂ ਨੂੰ ਮੁੜ ਪਾਰਟੀ ਦੇ ਨੇੜੇ ਲਿਆਂਦਾ ਜਾਵੇ। ਭਾਜਪਾ ਦੀ ਸੂਬਾ ਇਕਾਈ ਵੱਲੋਂ ਹਾਈਕਮਾਂਡ ਨੂੰ ਮੰਤਰੀ ਮੰਡਲ ਵਿੱਚ ਫੇਰ ਬਦਲ ਕਰਨ ਦੀ ਸਲਾਹ ਦਿੱਤੀ ਹੈ। ਸੂਤਰਾਂ ਅਨੁਸਾਰ ਭਾਜਪਾ ਦੇ ਦੋ ਮੰਤਰੀਆਂ ਨੂੰ ਛੱਡ ਕੇ ਬਾਕੀ ਤਿੰਨ ☛(ਬਾਕੀ ਸਫਾ 2 'ਤੇ)

ਮੰਗਲੌਰ ਜਹਾਜ਼ ਹਾਦਸੇ ਦੀ ਸਥਿਤੀ ਰਿਪੋਰਟ ਜਾਰੀ

ਨਵੀਂ ਦਿੱਲੀ, 17 ਜੂਨ (ਵਿਸ਼ਵ ਵਾਰਤਾ)-ਪਿਛਲੇ ਮਹੀਨੇ ਮੰਗਲੌਰ ਵਿਖੇ ਵਾਪਰੇ ਹਵਾਈ ਹਾਦਸੇ ਬਾਰੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਵੱਲੋਂ ਸਥਿਤੀ ਰਿਪੋਰਟ ਜਾਰੀ ਕੀਤੀ ਗਈ। ਇਸ ਦਰਦਨਾਕ ਹਾਦਸੇ ਵਿਚ 158 ਵਿਅਕਤੀ ਮਾਰੇ ਗਏ ਸਨ, ਜਦੋਂ ਕਿ 8 ਵਿਅਕਤੀ ਜਿਉਂਦੇ ਬਚ ਗਏ ਸਨ। ਇਸ ਰਿਪੋਰਟ ਅਨੁਸਾਰ ਹਾਦਸੇ ਵਿਚ ਮਾਰੇ ਗਏ ਵਿਅਕਤੀਆਂ ਦੀਆਂ ਲਾਸ਼ਾਂ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਸੌਂਪ ਦਿੱਤੀਆਂ ਗਈਆਂ ਹਨ, ਜਿਨ੍ਹਾਂ 12 ਲਾਸ਼ਾਂ ਦੀ ਸ਼ਿਨਾਖਤ ਨਹੀਂ ਹੋ ਸਕੀ, ਉਨ੍ਹਾਂ ਦਾ ਸਮੂਹਿਕ ਅੰਤਮ ਸਸਕਾਰ ਕਰ ਦਿੱਤਾ ਗਿਆ ਹੈ। ਹਾਦਸੇ ਵਿਚ ਜਿਉਂਦੇ ਬਚੇ ਅੱਠ ਲੋਕਾਂ ਵਿਚੋਂ ਤਿੰਨ ਦਾ ਇਲਾਜ ਚੱਲ ਰਿਹਾ ਹੈ, ਜਦੋਂ ਕਿ ਪੰਜ ਲੋਕਾਂ ਨੂੰ ਛੁੱਟੀ ਦੇ ਦਿੱਤੀ ਗਈ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਏਅਰ ਇੰਡੀਆ ਵੱਲੋਂ 11 ਜੂਨ ਨੂੰ ਕੱਲ 14.06 ਕਰੋੜ ਰੁਪਏ ਬਤੌਰ ਮੁਆਵਜ਼ੇ ਵਜੋਂ ਦੇ ਦਿੱਤੇ ਗਏ ਹਨ। ਮਾਰੇ ਗਏ ਹਰ ਵਿਅਕਤੀ ਦੇ ਪਰਿਵਾਰ ਪ੍ਰਧਾਨ ਮੰਤਰੀ ਰਾਹਤ ਫੰਡ ਵਿਚੋਂ ਦੋ ਲੱਖ ਰੁਪਏ ਦੀ ਰਕਮ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ 22 ਮਈ, 2010 ਨੂੰ ਏਅਰ ਇੰਡੀਆ ਦਾ ਦੁਬਈ ਤੋਂ ਆ ਰਿਹਾ ਜਹਾਜ਼ ਮੰਗਲੌਰ ਹਵਾਈ ਅੱਡੇ ਉਤੇ ਉਤਰਦੇ ਸਮੇਂ ਖਾਈ ਵਿਚ ਜਾ ਡਿੱਗਾ ਸੀ, ਇਸ ਹਾਦਸੇ ਵਿਚ 158 ਲੋਕ ਮਾਰੇ ਗਏ ਸਨ।

ਪੰਜਾਬ ਦੇ ਦਰਿਆਈ ਪਾਣੀਆਂ 'ਤੇ ਰਾਇਲਟੀ ਵਸੂਲਣਾ ਪੰਜਾਬ ਦਾ ਹੱਕ-ਬਾਦਲ

ਐਸ.ਏ.ਐਸ. ਨਗਰ, 17 ਜੂਨ (ਵੀਨਾ ਰਾਜਪੂਤ)- ਪੰਜਾਬ ਦੇ ਮੁੱਖ ਮੰਤਰੀ ਸ੍ਰ: ਪ੍ਰਕਾਸ਼ ਸਿੰਘ ਬਾਦਲ ਨੇ ਨੌਜਵਾਨ ਪੀੜੀ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਬਜ਼ੁਰਗਾਂ ਨੂੰ ਪੂਰਾ ਮਾਣ ਸਤਿਕਾਰ ਦੇਣ ਅਤੇ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦਿਆਂ ਉਹਨਾਂ ਦੀਆਂ ਭਾਵਨਾਵਾਂ ਦੀ ਪੂਰੀ ਤਰ੍ਹਾਂ ਕਦਰ ਕਰਨ ਤਾਂ ਜੋ ਉਹ ਆਪਣੇ ਬੱਚਿਆਂ ਤੇ ਮਾਣ ਮਹਿਸੂਸ ਕਰ ਸਕਣ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਮੁੱਖ ਮੰਤਰੀ ਪੰਜਾਬ ਨੇ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ 2 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਅਕਾਲ ਬਿਰਧ ਆਸ਼ਰਮ ਦਾ ਉਦਘਾਟਨ ਕਰਨ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ ਧਾਰਮਿਕ ਸਮਾਗਮ ਸਮੇਂ ਆਪਣੇ ਸੰਬੋਧਨ ਵਿੱਚ ਕੀਤਾ। ਮੁੱਖ ਮੰਤਰੀ ☛(ਬਾਕੀ ਸਫਾ 2 'ਤੇ)

ਰਤਵਾੜਾ ਸਾਹਿਬ ਵਿਖੇ ਅਕਾਲ ਬਿਰਧ ਆਸ਼ਰਮ ਦਾ ਉਦਘਾਟਨ

ਬਾਦਲ ਦਾ ਬਿਆਨ ਗੈਰ-ਜ਼ਿੰਮੇਵਾਰੀ ਵਾਲਾ-ਹਰਿਆਣਾ

ਚੰਡੀਗੜ੍ਹ, 17 ਜੂਨ (ਡਾ. ਸਵਾਸਤਿਕ ਸ਼ਰਮਾ)- ਹਰਿਆਣਾ ਦੇ ਸਿੰਚਾਈ ਮੰਤਰੀ ਕੈਪਟਨ ਅਜੈ ਸਿੰਘ ਯਾਦਵ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਦੁਆਰਾ ਹਾਲ ਹੀ ਵਿਚ ਪਾਣੀ ਲਈ ਹਰਿਆਣਾ ਰਾਜ ਤੋਂ ਰਾਇਲਟੀ ਮੰਗੇ ਜਾਣ ਦੀ ਮੰਗ ਨੂੰ ਗੈਰ-ਜਿੰਮੇਵਾਰ ਅਤੇ ਸਸਤੀ ਲੋਕਪ੍ਰਿਯਤਾ ਹਾਸਿਲ ਕਰਨ ਦਾ ਇਕ ਘਟੀਆ ਹੱਥਕੰਡਾ ਦਸਿਆ ਹੈ। ਅੱਜ ਇੱਥੇ ਇਕ ਬਿਆਨ ਵਿਚ ਕੈਪਟਨ ਯਾਦਵ ਨੇ ਕਿਹਾ ਕਿ ਪੰਜਾਬ ਨੂੰ ਪਾਣੀ ਦੀ ਰਾਇਲਟੀ ਮੰਗਣ ਦੇ ਬਾਰੇ ਵਿਚ ਕੋਈ ਕਾਨੂੰਨੀ ਅਧਿਕਾਰੀ ਨਹੀਂ ਹੈ ਅਤੇ ਇਹ ਮੰਗ ਪੂਰੀ ਤਰ੍ਹਾਂ ਨਾਲ ਅਸੰਵਿਧਾਨਕ ਵੀ ਹੈ। ਜੇਕਰ ਕਿਸੇ ਤਰ੍ਹਾਂ ਦੀ ਪਰੰਪਰਾ ਜਾਰੀ ਰਹੀ ਤਾਂ ਕਲ ਹਿਮਾਚਲ ਪ੍ਰਦੇਸ਼ ਪੰਜਾਬ ਤੋਂ ਅਤੇ ਹਰਿਆਣਾ ਰਾਜ ਦਿੱਲੀ ਤੋਂ ਰਾਇਲਟੀ ਦੀ ਮੰਗ ਕਰੇਗਾ ਅਤੇ ਇਕ ਤਰ੍ਹਾਂ ਨਾਲ ਰਾਸ਼ਟਰੀ ਸੰਕਟ ਜਿਹੀ ਸਥਿਤੀ ਪੈਦਾ ਹੋ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਇਹ ਬੜੇ ☛(ਬਾਕੀ ਸਫਾ 2 'ਤੇ)

ਆਸਟ੍ਰੇਲੀਆ 'ਚ ਕਤਲ ਕੀਤੇ ਨਿਤਿਨ ਗਰਗ ਦਾ ਹੱਤਿਆਰਾ ਗ੍ਰਿਫਤਾਰ

ਮੈਲਬੌਰਨ, 17 ਜੂਨ (ਵਿਸ਼ਵ ਵਾਰਤਾ)-ਆਸਟ੍ਰੇਲੀਆਈ ਪੁਲਿਸ ਨੇ ਲੁਧਿਆਣਾ ਦੇ ਵਿਦਿਆਰਥੀ ਨਿਤਿਨ ਗਰਗ ਦੇ ਕਤਲ ਦੇ ਮਾਮਲੇ ਵਿਚ ਇਕ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ। ਜਾਣਕਾਰੀ ਅਨੁਸਾਰ ਵਿਕਟੋਰੀਆ ਪੁਲਿਸ ਨੇ ਦੱਖਣੀ ਮੈਲਬੌਰਨ ਦੇ ਯਾਰਾਵਿਲੇ ਤੋਂ ਨਿਤਿਨ ਗਰਗ ਦੇ ਹੱਤਿਆਰੇ ਨੂੰ ਗ੍ਰਿਫਤਾਰ ਕੀਤਾ ਹੈ। ਨਿਤਿਨ ਗਰਗ ਦੀ ਇਸੇ ਸਾਲ ਆਸਟ੍ਰੇਲੀਆ ਦੇ ਸ਼ਹਿਰ ਮੈਲਬੌਰਨ ਵਿਖੇ 2 ਜਨਵਰੀ ਨੂੰ ਹੱਤਿਆ ਕਰ ਦਿੱਤੀ ਗਈ ਸੀ। ਗ੍ਰਿਫਤਾਰ ਕੀਤੇ ਗਏ ਇਸ ਹਤਿਆਰੇ ਦੀ ਉਮਰ 15 ਸਾਲ ਹੈ। ਵਿਕਟੋਰੀਆ ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਇਸ ਸਬੰਧ ਵਿਚ ਕਈ ਹੋਰ ਲੋਕਾਂ ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਮਾਮਲੇ ਦੀ ਜਾਂਚ ਜਾਰੀ ਹੈ। ਦੂਸਰੇ ਪਾਸੇ ਨਿਤਿਨ ਦੇ ਪਰਿਵਾਰ ਨੂੰ ਇਸ ਗ੍ਰਿਫਤਾਰੀ ਦੀ ਸੂਚਨਾ ਦੇ ਦਿੱਤੀ ਗਈ ਹੈ। ਪੁਲਿਸ ਹਾਲੇ ਹੱਤਿਆ ਵਿਚ ਵਰਤਿਆ ਗਿਆ ਹਥਿਆਰ ਤਲਾਸ਼ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਇਸ ਸਾਲ 2 ਜਨਵਰੀ ਨੂੰ ਲੁਧਿਆਣਾ ਦੇ ਰਹਿਣ ਵਾਲੇ ਨਿਤਿਨ ਗਰਗ ਦੀ ਮੈਲਬੌਰਨ ਦੇ ਇਕ ਰੈਸਟੋਰੈਂਟ ਵਿਚ ਚਾਕੂਆਂ ਨਾਲ ਹੱਤਿਆ ਕਰ ਦਿੱਤੀ ਗਈ ਸੀ। 21 ਸਾਲਾ ਨਿਤਿਨ ਇਥੇ ਪੜ੍ਹਾਈ ਦੇ ਨਾਲ-ਨਾਲ ਰੈਸਟੋਰੈਂਟ ਵਿਚ ਕੰਮ ਕਰਦਾ ਸੀ।

ਗੁਰਦੁਆਰਾ ਚੋਣਾਂ ਦੇ ਵੋਟਰ ਫਾਰਮਾਂ ਤੋਂ ਰੇੜਕਾ

ਚੰਡੀਗੜ੍ਹ, 17 ਜੂਨ (ਹਰੀਸ਼ ਚੰਦਰ ਬਾਗਾਂਵਾਲਾ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅਗਾਮੀ ਚੋਣਾਂ ਦੇ ਲਈ ਵੋਟਾਂ ਬਣਨ ਦੀ ਪ੍ਰਕਿਰਿਆ ਸ਼ੁਰੂ ਹੁੰਦੇ ਹੀ ਵੋਟਾਂ ਬਣਾਉਣ ਦੇ ਫਾਰਮਾਂ ਨੂੰ ਲੈ ਕੇ ਪੰਥਕ ਤੇ ਧਾਰਮਿਕ ਜੱਥੇਬੰਦੀਆਂ ਵਿੱਚ ਵੋਟਰ ਫਾਰਮਾਂ ਨੂੰ ਲੈ ਕੇ ਮੱਤਭੇਦ ਪੈਦਾ ਹੋ ਗਏ ਹਨ। ਮਤਭੇਦ ਪੈਦਾ ਹੋਣ ਦਾ ਕਾਰਨ ਵੋਟਰ ਫਾਰਮਾਂ ਤੇ ਦਸ ਗੁਰੂਆਂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਣਾ ਅਤੇ ਇਸ ਤੋਂ ਇਲਾਵਾ ਕਿਸੇ ਨੂੰ ਨਾ ਮੰਨਣਾ ਅਤੇ ਸਿੰਘ ਅਤੇ ਕੌਰੇ ਤੋਂ ਇਲਾਵਾ ਕਿਸਨੂੰ ਵੋਟ ਨਾ ਬਣਾਉਣ ਦੀ ਸ਼ਰਤ ਦਰਜ ਨਾ ਕਰਨਾ ਹੈ। ਇਹ ☛(ਬਾਕੀ ਸਫਾ 2 'ਤੇ)

ਦਿੱਲੀ ਗੁਰਦੁਆਰਾ ਚੋਣ ਨਿਯਮਾਂ ਵਿੱਚ ਤਬਦੀਲੀ ਲਾਗੂ

ਨਵੀਂ ਦਿੱਲੀ, 17 ਜੂਨ (ਜ.ਸ.ਅਜੀਤ)-ਦਿੱਲੀ ਗੁਰਦੁਆਰਾ ਚੋਣਾਂ ਮਾਮਲੇ ਦੇ ਸਲਾਹਕਾਰ ਅਤੇ ਦਸ਼ਮੇਸ਼ ਸੇਵਾ ਸੋਸਾਇਟੀ (ਰਜਿ.) ਦੇ ਜਨਰਲ ਸਕੱਤਰ ਸ. ਇੰਦਰ ਮੋਹਨ ਸਿੰਘ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਸੋਸਾਇਟੀ ਵੱਲੋਂ ਪਿਛਲੇ ਇੱਕ ਸਾਲ ਤੋਂ ਲਗਾਤਾਰ ਦਿੱਤੇ ਗਏ ਮੰਗ ਪੱਤਰਾਂ ਨੂੰ ਸਵੀਕਾਰ ਕਰਦਿਆਂ ਹੋਇਆਂ ਦਿੱਲੀ ਸਰਕਾਰ ਨੇ ਦਿੱਲੀ ਗੁਰਦੁਆਰਾ ਚੋਣ ਨਿਯਮਾਂ ਵਿੱਚ ਲੋੜੀਦੇ ਫੇਰ ਬਦਲ ਕੀਤੇ ਹਨ, ਜਿੱਥੇ ਹੁਣ ਵੋਟਰ ਫਾਰਮਾਂ ਤੇ ਫੋਟੋ ਲੱਗਣ ਨਾਲ ਅਤੇ ਰਸੀਦ ਜਾਰੀ ਹਣ ਨਾਲ ਜਾਅਲੀ ਵੋਟਾਂ ਤੇ ਠੱਲ੍ਹ ਪੈ ਜਾਵੇਗੀ। ਉੱਥੇ ਗੁਰਦੁਆਰਾ ਕਮੇਟੀ ਦੀ ਹਰ ਦੋ ਸਾਲਾਂ ਵਿੱਚ ਹੋਣ ☛(ਬਾਕੀ ਸਫਾ 2 'ਤੇ)

ਅਮਰੀਕਾ ਨੇ ਈਰਾਨ 'ਤੇ ਲਾਈਆਂ ਨਵੀਆਂ ਪਾਬੰਦੀਆਂ

ਵਾਸ਼ਿੰਗਟਨ, 17 ਜੂਨ (ਵਿਸ਼ਵ ਵਾਰਤਾ)-ਈਰਾਨ ਦੇ ਖਿਲਾਫ਼ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਪ੍ਰਸਤਾਵ ਉਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਅਮਰੀਕਾ ਨੇ ਅੱਜ ਰਿਵੋਲਿਊਸ਼ਨਰੀ ਗਾਰਡ ਦੇ ਦੋ ਉਚ ਕਮਾਂਡਰਾਂ ਸਮੇਤ ਦਰਜਨਾਂ ਈਰਾਨੀ ਕੰਪਨੀਆਂ ਅਤੇ ਇਕ ਬੈਂਕ ਉਤੇ ਨਵੀਆਂ ਪਾਬੰਦੀਆਂ ਲਗਾਈਆਂ ਹਨ। ਅਮਰੀਕਾ ਦੇ ਅਨੁਸਾਰ ਇਹ ਸਾਰੀਆਂ ਕੰਪਨੀਆਂ ਅਤੇ ਹਸਤੀਆਂ ਈਰਾਨ ਦੇ ਵਿਵਾਦਮਈ ਪ੍ਰਮਾਣੂ ਪ੍ਰੋਗਰਾਮ ਨਾਲ ਜੁੜੀਆਂ ਹੋਈਆਂ ਹਨ। ਵ੍ਹਾਈਟ ਹਾਊਸ ਵਿਚ ਐਲਾਨ ਕਰਦੇ ਹੋਏ ਅਮਰੀਕੀ ਵਿੱਤ ਮੰਤਰੀ ਟਿਮੋਥੀ ਕੀਥਨਰ ਨੇ ਕਿਹਾ ਕਿ ਅਮਰੀਕਾ ਨੇ ਸੂਚੀ ਵਿਚ ਈਰਾਕ ਦੇ ਪੋਸਟ ਬੈਂਕ ਦਾ ਨਾਮ ਸ਼ਾਮਿਲ ਕੀਤਾ ਹੈ, ਜੋ ਪ੍ਰਮਾਣੂ ਪ੍ਰਸਾਰ ਦੀਆਂ ਗਤੀਵਿਧੀਆਂ ਦਾ ਸਮਰਥਨ ☛(ਬਾਕੀ ਸਫਾ 2 'ਤੇ)

ਸ਼ਹੀਦ ਬਾਬਾ ਨਿਹਾਲ ਸਿੰਘ ਯਾਦਗਾਰੀ ਜੋੜ ਮੇਲਾ ਅੱਜ ਤੋਂ

ਜਲੰਧਰ, 17 ਜੂਨ (ਪ.ਪ.)-ਦੁਆਬਾ ਹਲਕੇ ਦੇ ਧਾਰਮਿਕ ਖੇਤਰ ਵਿੱਚ ਵਿਸ਼ਵ ਪ੍ਰਸਿੱਧ ਪਿੰਡ ਤੱਲਣ ਵਿਖੇ ਸ਼ਹੀਦ ਬਾਬਾ ਨਿਹਾਲ ਸਿੰਘ ਯਾਦਗਾਰੀ ਸ਼ਹੀਦੀ ਜੋੜ ਮੇਲਾ ਅੱਜ 18 ਜੂਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਆਰੰਭ ਹੋਣ ਨਾਲ ਸ਼ੁਰੂ ਹੋ ਰਿਹਾ ਹੈ। ਇਹ ਸ਼ਹੀਦੀ ਜੋੜ ਮੇਲਾ 20 ਜੂਨ ਤੱਕ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸ਼ਹੀਦ ਬਾਬਾ ਨਿਹਾਲ ਸਿੰਘ ਪ੍ਰਬੰਧਕ ਕਮੇਟੀ ਤੱਲਣ ਦੇ ਰੀਸੀਵਰ ਸ੍ਰੀ ਮਨਿੰਦਰ ਸਿੰਘ ਸਿੱਧੂ ਅਤੇ ਸ. ਜਸਵਿੰਦਰ ਸਿੰਘ ਪਟਵਾਰੀ ਨੇ ਪ੍ਰਬੰਧਕ ਕਮੇਟੀ ਦੇ ਹਵਾਲੇ ਨਾਲ ਦੱਸਿਆ ਕਿ 18 ਜੂਨ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸ਼ੁਰੂ ਹੋਣਗੇ ਜਿਸ ਦੌਰਾਨ 19 ਜੂਨ ਰਾਤ ਨੂੰ ਵਿਸ਼ਾਲ ਕੀਰਤਨ ਦਰਬਾਰ ਆਯੋਜਿਤ ਹੋਵੇਗਾ, ਜਿਸ ਵਿੱਚ ਸਿੱਖ ਪੰਥ ਦੇ ਉਘੇ ਕੀਰਤਨੀ ਜੱਥੇ ਭਾਈ ਲਖਵਿੰਦਰ ਸਿੰਘ, ਭਾਈ ਮਨਜੀਤ ਸਿੰਘ, ਭਾਈ ਬਾਵਾ ਸਿੰਘ ਦਮਦਮੀ ਟਕਸਾਲ ਅਤੇ ਮਹਿਤਾਬ ਸਿੰਘ ਸੰਗਤਾਂ ਨੂੰ ਗੁਰਬਾਣੀ ਗਾਇਨ ਕਰਕੇ ਨਿਹਾਲ ਕਰਨਗੇ। 20 ਜੂਨ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ☛(ਬਾਕੀ ਸਫਾ 2 'ਤੇ)